ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਵਕੀਲ ਦੀ ਲੋੜ ? 905-362-0755
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਸਸਤੀਆਂ ਹਵਾਈ ਟਿਕਟਾਂ 905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਕਲਪਨਾ ਕਰੋ ਕਿ ਤੁਸੀਂ ਕਿਸੇ **TV Drama Serial** 'ਚ ਇੰਨੇ ਡੂੰਘੇ ਖੁੱਭ ਜਾਓ ਕਿ ਤੁਹਾਨੂੰ ਇਹ ਚਿੰਤਾ ਸੌਣ ਹੀ ਨਾ ਦੇਵੇ ਕਿ ਕਹਾਣੀ 'ਚ ਚੀਜ਼ਾਂ ਅੱਗੋਂ ਕਿਵੇਂ ਵਾਪਰਣਗੀਆਂ! ਰੋਜ਼ਾਨਾ ਦੀ ਜ਼ਿੰਦਗੀ ਦੇ ਨਾਟਕਾਂ 'ਚ, ਅਸੀਂ ਸਾਰੇ ਖ਼ੁਦ ਨੂੰ ਜਿੰਨਾ ਚਾਹੀਦਾ ਹੈ ਉਸ ਤੋਂ ਕਿਤੇ ਵੱਧ ਫ਼ਸਾ ਲੈਂਦੇ ਹਾਂ। ਅਸੀਂ ਉਨ੍ਹਾਂ ਪ੍ਰਕਿਰਿਆਵਾਂ ਬਾਰੇ ਚਿੰਤਤ ਹੁੰਦੇ ਹਾਂ ਜਿਨ੍ਹਾਂ ਨੂੰ ਅਸੀਂ ਬਿਲਕੁਲ ਵੀ ਪ੍ਰਭਾਵਿਤ ਨਹੀਂ ਕਰ ਸਕਦੇ। ਅਸੀਂ ਲਹਿਰਾਂ ਨੂੰ ਮੋੜਨ ਦੀ ਕੋਸ਼ਿਸ਼ 'ਚ ਊਰਜਾ ਬਰਬਾਦ ਕਰਦੇ ਹਾਂ। ਅਸੀਂ ਬ੍ਰਹਮ ਪ੍ਰਮਾਤਮਾ ਅਤੇ ਕੁਦਰਤੀ ਸ਼ਾਂਤੀ 'ਚ ਲੋੜੀਂਦਾ ਵਿਸ਼ਵਾਸ ਨਹੀਂ ਦਿਖਾਉਂਦੇ। ਹੁਣ, ਕੁਝ ਸਥਿਤੀਆਂ ਹਨ ਜਿਨ੍ਹਾਂ 'ਤੇ ਤੁਸੀਂ ਸਕਾਰਾਤਮਕ ਪ੍ਰਭਾਵ ਪਾ ਸਕਦੇ ਹੋ – ਅਤੇ ਕੁਝ ਅਜਿਹੀਆਂ ਵੀ ਜਿਨ੍ਹਾਂ ਨੂੰ ਦੂਰੋਂ ਦੇਖਣਾ ਹੀ ਬਿਹਤਰ ਹੈ। ਅੰਤਰ ਤੋਂ ਜਾਣੂ ਰਹੋ, ਅਤੇ ਆਪਣੀ ਊਰਜਾ ਨੂੰ ਸਮਝਦਾਰੀ ਨਾਲ ਵਰਤੋ।

ਕੀ ਤੁਸੀਂ ਹਮੇਸ਼ਾ ਸਹੀ ਕੰਮ ਕਰਦੇ ਹੋ ? ਬਿਲਕੁਲ ਨਹੀਂ। ਤੁਸੀਂ ਆਖ਼ਿਰਕਾਰ ਇੱਕ ਮਨੁੱਖ ਹੀ ਹੋ। ਕੀ ਤੁਸੀਂ ਕਈ ਵਾਰ ਪਾਗਲ ਸਿੱਟਿਆਂ 'ਤੇ ਅੱਪੜ ਜਾਂਦੇ ਹੋ ? ਕੁਦਰਤੀ ਤੌਰ 'ਤੇ। ਪਰ, ਫ਼ਿਰ, ਅਸੀਂ ਸਾਰੇ ਅਜਿਹਾ ਕਰਦੇ ਹਾਂ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ, ਭੁੱਲਣਹਾਰ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਸਾਡੇ 'ਚੋਂ ਕੁਝ ਸੰਪੂਰਣ ਹੋਣ ਦਾ ਦਿਖਾਵਾ ਕਰਨ 'ਚ ਬਿਹਤਰ ਹਨ। ਤੁਸੀਂ ਆਪਣਾ ਹੱਥ ਖੜ੍ਹਾ ਕਰਨ ਅਤੇ ਇਹ ਕਹਿਣ ਤੋਂ ਨਹੀਂ ਡਰਦੇ: "ਮੈਥੋਂ ਗ਼ਲਤੀ ਹੋ ਗਈ ਹੈ," ਜਦੋਂ ਤੁਸੀਂ ਜਾਣਦੇ ਹੋਵੋ ਕਿ ਇੰਝ ਹੋਇਆ ਹੈ। ਤਾਂ ਫ਼ਿਰ ਅੱਜ ਆਪਣਾ ਦੂਜਾ ਹੱਥ ਖੜ੍ਹਾ ਕਰਨ ਤੋਂ ਨਾ ਡਰੋ ਅਤੇ ਕਹੋ: "ਮੈਂ ਹਰ ਗੱਲ ਬਾਰੇ ਸਹੀ ਨਹੀਂ ਹੋ ਸਕਦਾ, ਪਰ ਮੈਂ ਇਸ ਬਾਰੇ ਮੈਂ ਬਿਲਕੁਲ ਸਹੀ ਹਾਂ।" ਕਿਉਂਕਿ ਇੱਕ ਪ੍ਰਮੁੱਖ ਮਾਮਲੇ 'ਚ ਤੁਸੀਂ ਹੁਣ ਸਹੀ ਹੋ।

ਆਪਣੀ ਮੰਜ਼ਿਲ ਚੁਣਨ ਦਾ ਸਮਾਂ ਕਿਸ਼ਤੀ 'ਚ ਚੜ੍ਹਨ ਤੋਂ ਪਹਿਲਾਂ ਹੁੰਦੈ। ਆਪਣੇ ਹਥਿਆਰ ਨਾਲ ਨਿਸ਼ਾਨਾ ਸੇਧਣ ਦਾ ਸਮਾਂ ਗੋਲੀ ਚਲਾਉਣ ਤੋਂ ਪਹਿਲਾਂ ਹੁੰਦੈ। ਸੋਚਣ ਦਾ ਸਮਾਂ ਬੋਲਣ ਤੋਂ ਪਹਿਲਾਂ। ਤੁਹਾਨੂੰ ਅਸਲ 'ਚ ਇਸ ਬਾਰੇ ਯਾਦ ਦਿਵਾਉਣ ਦੀ ਜ਼ਰੂਰਤ ਨਹੀਂ ਪੈਂਦੀ। ਜਾਂ ਘੱਟੋ ਘੱਟ, ਆਮ ਤੌਰ 'ਤੇ ਨਹੀਂ ਪੈਂਦੀ। ਤੁਸੀਂ ਆਪਣੀ ਕਿਸੇ ਬੇਵਕੂਫ਼ ਚੋਣ ਦੇ ਨਤੀਜਿਆਂ ਦੇ ਭਾਰ ਹੇਠ ਦੱਬੇ ਜਾਣ ਨਾਲੋਂ ਆਪਣੇ ਵਿਕਲਪਾਂ ਨੂੰ ਤੋਲਣਾ ਪਸੰਦ ਕਰਦੇ ਹੋ। ਆਮ ਤੌਰ 'ਤੇ ਤੁਹਾਡਾ ਸੰਜਮ ਰੱਖਣਾ ਸਹੀ ਹੁੰਦੈ। ਹਾਲਾਂਕਿ, ਕਈ ਵਾਰ, ਤੁਸੀਂ ਜਲਦੀ ਅਤੇ ਫ਼ੈਸਲਾਕੁੰਨ ਢੰਗ ਨਾਲ ਕੰਮ ਕਰਨ ਦੀ ਇੱਛਾ 'ਚ ਵਹਿ ਜਾਂਦੇ ਹੋ। ਇਹੀ ਤੁਸੀਂ ਇਸ ਵਕਤ ਮਹਿਸੂਸ ਕਰ ਰਹੇ ਹੋ। ਖ਼ੁਦ ਦੀ ਕਾਬਲੀਅਤ 'ਚ ਭਰੋਸਾ ਰੱਖੋ।

ਜੇਕਰ ਤੁਹਾਡੇ ਕੋਲ ਕੋਈ ਸੁਪਨਾ ਹੀ ਨਹੀਂ ਤਾਂ ਤੁਸੀਂ ਆਪਣੇ ਸੁਪਨੇ ਨੂੰ ਸਾਕਾਰ ਕਿਵੇਂ ਕਰੋਗੇ ? ਸੱਚਮੁੱਚ ਕਿਵੇਂ! ਸਾਡੀਆਂ ਕਲਪਨਾਵਾਂ, ਕਈ ਢੰਗਾਂ ਨਾਲ, ਸਾਡੀ ਸਭ ਤੋਂ ਮਹੱਤਵਪੂਰਣ ਸੰਪਤੀ ਹਨ। ਉਹ ਸਾਨੂੰ ਨਿਰਾਸ਼ ਅਤੇ ਪਰੇਸ਼ਾਨ ਕਰ ਸਕਦੀਆਂ ਹਨ ਖ਼ਾਸ ਕਰ ਕੇ ਜਦੋਂ ਸਾਨੂੰ ਇਹ ਅਹਿਸਾਸ ਹੋ ਜਾਵੇ ਕਿ ਅਸੀਂ ਕਦੇ ਵੀ ਉਨ੍ਹਾਂ ਨੂੰ ਹਕੀਕਤ ਦਾ ਜਾਮਾ ਨਹੀਂ ਪਹਿਨਾ ਸਕਦੇ; ਪਰ ਉਹ ਸਾਨੂੰ ਦਿਲਾਸਾ ਵੀ ਦੇ ਸਕਦੀਆਂ ਨੇ ਜੇਕਰ ਅਸੀਂ ਮੁਸੀਬਤ ਦੇ ਸਮੇਂ 'ਚ ਵੀ ਉਨ੍ਹਾਂ ਨਾਲ ਜੁੜੇ ਰਹੀਏ। ਕਿਸੇ ਵੀ ਕਿਸਮ ਦੀ ਉਮੀਦ ਬਿਲਕੁਲ ਵੀ ਉਮੀਦ ਨਾ ਹੋਣ ਨਾਲੋਂ ਕਿਤੇ ਬਿਹਤਰ ਹੈ – ਅਤੇ ਇਸ ਸਦਾ ਬਦਲਦੀ ਦੁਨੀਆਂ 'ਚ, ਸਾਡੇ 'ਚੋਂ ਕੋਈ ਨਹੀਂ ਜਾਣਦਾ ਕਿ ਕੀ ਸੰਭਵ ਹੈ ਅਤੇ ਕੀ ਨਹੀਂ। ਤੁਹਾਡੇ ਕੋਲ ਹੁਣ ਇੱਕ ਵੱਡਾ ਵਿਚਾਰ ਹੈ। ਇਹ ਬਹੁਤ ਦੂਰ ਦੀ ਗੱਲ ਹੋ ਸਕਦੀ ਹੈ ਪਰ ਅਸੰਭਵ ਨਹੀਂ।

ਅਸੀਂ ਮਨੁੱਖ ਅਜੀਬ ਵਿਰੋਧਾਭਾਸਾਂ ਨਾਲ ਭਰੇ ਹੋਏ ਹਾਂ। ਉਦਾਹਰਣ ਵਜੋਂ, ਅਸੀਂ ਆਜ਼ਾਦੀ ਦੀ ਕਦਰ ਕਰਨ ਅਤੇ ਨਿੱਜੀ ਪਸੰਦ ਨੂੰ ਮਹੱਤਵ ਦੇਣ ਦਾ ਦਾਅਵਾ ਕਰਦੇ ਹਾਂ। ਫ਼ਿਰ ਵੀ ਅਸੀਂ ਨਿਯਮਾਂ ਅਨੁਸਾਰ ਖੇਡਣ ਦੀ ਲਗਭਗ ਜਨੂੰਨੀ ਮਜਬੂਰੀ ਤੋਂ ਪੀੜਤ ਹਾਂ। ਸਾਡੇ ਜੀਵਣ ਦੇ ਮੂਲ 'ਚ ਇਹ ਭਾਵਨਾ ਇੰਨੀ ਡੂੰਘਾਈ ਨਾਲ ਚੱਲਦੀ ਰਹਿੰਦੀ ਹੈ ਕਿ ਅਸੀਂ ਸਿਰਫ਼ ਪਾਬੰਦੀਆਂ ਨੂੰ ਸਵੀਕਾਰ ਹੀ ਨਹੀਂ ਕਰਦੇ, ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਪਰ ਇਨ੍ਹਾਂ 'ਚੋਂ ਕੋਈ ਵੀ ਚੀਜ਼ ਤੁਹਾਡੇ ਵਲੋਂ ਸਹਿਮਤੀ ਦੇ ਰਵੱਈਏ ਨੂੰ ਅਪਨਾਉਣ ਨੂੰ ਜਾਇਜ਼ ਨਹੀਂ ਠਹਿਰਾਉਂਦੀ। ਕੋਈ ਵੀ ਤੁਹਾਡੇ ਅਧਿਕਾਰ ਨੂੰ ਓਦੋਂ ਤਕ ਕਮਜ਼ੋਰ ਨਹੀਂ ਕਰ ਸਕਦਾ, ਜਦੋਂ ਤਕ ਤੁਸੀਂ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਨਹੀਂ ਦਿੰਦੇ। ਅਤੇ ਜੇਕਰ ਤੁਸੀਂ ਦ੍ਰਿੜ ਰਹੋ ਤਾਂ ਤੁਸੀਂ ਹਾਲੇ ਵੀ ਮਹਾਨ ਰੁਤਬੇ ਅਤੇ ਪ੍ਰਭਾਵ ਦਾ ਆਨੰਦ ਮਾਣ ਸਕਦੇ ਹੋ।

ਇਮਰਾਨ ਦੇ ਹੱਕ 'ਚ ਨਿੱਤਰੇ ਕਪਿਲ ਅਤੇ ਗਾਵਸਕਰ

ਨਵੀਂ ਦਿੱਲੀ: ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ 1992 ਦੇ ਵਿਸ਼ਵ ਕੱਪ ਜੇਤੂ ਕਪਤਾਨ ਇਮਰਾਨ ਖ਼ਾਨ ਦੀ ਜੇਲ੍ਹ 'ਚ ਵਿੱਗੜ ਰਹੀ ਸਿਹਤ ਨੂੰ ਲੈ ਕੇ ਦੁਨੀਆਂ ਭਰ ਦੇ ਕ੍ਰਿਕਟ ਦਿੱਗਜਾਂ ਨੇ ਚਿੰਤਾ ਪ੍ਰਗਟਾਈ ਹੈ। ਭਾਰਤ ਦੇ ਮਹਾਨ ਕਪਤਾਨ ਕਪਿਲ ਦੇਵ ਅਤੇ ਸੁਨੀਲ ਗਾਵਸਕਰ ਸਮੇਤ ਦੁਨੀਆਂ ਦੇ 14 ਸਾਬਕਾ ਅੰਤਰਰਾਸ਼ਟਰੀ ਕਪਤਾਨਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰ ਕੇ ਪਾਕਿਸਤਾਨ ਸਰਕਾਰ ਨੂੰ ਇਮਰਾਨ ਖ਼ਾਨ ਨਾਲ ਮਨੁੱਖੀ ਸਲੂਕ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਲੋੜੀਂਦੀ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਹੈ।

ਅੱਖ ਦੀ ਰੌਸ਼ਨੀ 85 ਫ਼ੀਸਦੀ ਤਕ ਘੱਟਣ ਦੀ ਰਿਪੋਰਟ: ਕ੍ਰਿਕਟ ਜਗਤ ਦੇ ਦਿੱਗਜਾਂ ਦੀ ਇਹ ਅਪੀਲ ਉਨ੍ਹਾਂ ਚਿੰਤਾਜਨਕ ਰਿਪੋਰਟਾਂ ਤੋਂ ਬਾਅਦ ਆਈ ਹੈ ਜਿਨ੍ਹਾਂ ਅਨੁਸਾਰ ਅਡਿਆਲਾ ਜੇਲ੍ਹ 'ਚ ਬੰਦ 73 ਸਾਲਾ ਇਮਰਾਨ ਖ਼ਾਨ ਦੀ ਸੱਜੀ ਅੱਖ ਦੀ ਰੌਸ਼ਨੀ ਲਗਭਗ 85 ਫ਼ੀਸਦੀ ਤਕ ਘੱਟ ਗਈ ਹੈ। ਕਪਤਾਨਾਂ ਨੇ ਖ਼ਾਨ ਦੀ ਨਜ਼ਰ 'ਚ ਆਈ ਇਸ ਭਾਰੀ ਗਿਰਾਵਟ ਅਤੇ ਪਿਛਲੇ ਢਾਈ ਸਾਲਾਂ ਤੋਂ ਉਨ੍ਹਾਂ ਦੀ ਨਜ਼ਰਬੰਦੀ ਦੇ ਹਾਲਾਤ 'ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ।

ਦੁਨੀਆਂ ਭਰ ਦੇ ਦਿੱਗਜ਼ਾਂ ਨੇ ਮਿਲਾਏ ਹੱਥ: ਇਸ ਸਾਂਝੀ ਅਪੀਲ 'ਤੇ ਦਸਤਖ਼ਤ ਕਰਨ ਵਾਲਿਆਂ 'ਚ ਭਾਰਤ ਦੇ ਕਪਿਲ ਦੇਵ ਅਤੇ ਗਾਵਸਕਰ ਤੋਂ ਇਲਾਵਾ ਮਾਈਕਲ ਅਥਰਟਨ, ਐਲਨ ਬਾਰਡਰ, ਕਲਾਈਵ ਲੌਇਡ, ਸਟੀਫ਼ਨ ਵਾਹ, ਨਾਸਿਰ ਹੁਸੈਨ, ਡੇਵਿਡ ਗੋਵਰ ਅਤੇ ਜੌਨ ਰਾਈਟ ਵਰਗੇ ਵੱਡੇ ਨਾਮ ਸ਼ਾਮਿਲ ਹਨ। ਇਨ੍ਹਾਂ ਕਪਤਾਨਾਂ ਨੇ ਇਮਰਾਨ ਖ਼ਾਨ ਦੇ ਖੇਡ 'ਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਅਤੇ ਖੇਡ ਭਾਵਨਾ ਨੇ ਸਰਹੱਦਾਂ ਤੋਂ ਪਾਰ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ ਹੈ।

ਮੈਦਾਨ ਦੀ ਦੁਸ਼ਮਣੀ ਮੈਚ ਖ਼ਤਮ ਹੋਣ 'ਤੇ ਮੁੱਕ ਜਾਂਦੀ ਹੈ: ਸਾਬਕਾ ਕਪਤਾਨਾਂ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਕਿ ਇਮਰਾਨ ਖ਼ਾਨ ਨੂੰ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਇਜਾਜ਼ਤ ਦਿੱਤੀ ਜਾਵੇ, ਅਤੇ ਉਨ੍ਹਾਂ ਦੇ ਪਰਿਵਾਰ ਨਾਲ ਨਿਯਮਿਤ ਮੁਲਾਕਾਤਾਂ ਯਕੀਨੀ ਬਣਾਈਆਂ ਜਾਣ ਅਤੇ ਪਾਰਦਰਸ਼ੀ ਕਾਨੂੰਨੀ ਪ੍ਰਕਿਰਿਆ ਤਕ ਪਹੁੰਚ ਦਿੱਤੀ ਜਾਵੇ। ਬਿਆਨ 'ਚ ਕਿਹਾ ਗਿਆ, ਕ੍ਰਿਕਟ ਹਮੇਸ਼ਾ ਦੇਸ਼ਾਂ ਵਿਚਕਾਰ ਇੱਕ ਪੁਲ ਰਿਹਾ ਹੈ। ਸਾਡਾ ਸਾਂਝਾ ਇਤਿਹਾਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਰਵਾਇਤੀ ਦੁਸ਼ਮਣੀ ਮੈਦਾਨ ਤਕ ਸੀ, ਪਰ ਇੱਕ- ਦੂਜੇ ਪ੍ਰਤੀ ਸਤਿਕਾਰ ਹਮੇਸ਼ਾ ਕਾਇਮ ਰਹਿੰਦਾ ਹੈ।"

ਜ਼ਿਕਰਯੋਗ ਹੈ ਕਿ ਇਮਰਾਨ ਖ਼ਾਨ ਅਗਸਤ 2023 ਤੋਂ ਜੇਲ੍ਹ 'ਚ ਬੰਦ ਹਨ ਅਤੇ ਕਈ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਹਾਲ ਹੀ 'ਚ ਉਨ੍ਹਾਂ ਦੇ ਸਾਬਕਾ ਸਾਥੀ ਵਸੀਮ ਅਕਰਮ ਨੇ ਵੀ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਾ ਜਤਾਈ ਸੀ। 15 ਫ਼ਰਵਰੀ ਨੂੰ ਡਾਕਟਰਾਂ ਦੀ ਇੱਕ ਟੀਮ ਨੇ ਜੇਲ੍ਹ 'ਚ ਉਨ੍ਹਾਂ ਦੀ ਜਾਂਚ ਕੀਤੀ ਸੀ, ਪਰ ਉਨ੍ਹਾਂ ਦੀ ਪਾਰਟੀ **PTI** ਨੇ ਪਰਿਵਾਰ ਦੀ ਗ਼ੈਰ-ਮੌਜੂਦਗੀ 'ਚ ਕੀਤੀ ਗਈ ਇਸ ਜਾਂਚ 'ਤੇ ਸਵਾਲ ਚੁੱਕੇ ਹਨ।

Home Care Workers ਅਤੇ Nanies ਲਈ PR 416-848-3930
Line of Credit Fix Bad Credit Get OSAP Loan 905-965-4644
ਦੰਦ ਲਗਵਾਓ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
Vistor Visa 'ਤੇ ਹੋ Work Permit ਖ਼ਤਮ PR ਲਓ 416-848-3930

Italy 'ਚ ਭਾਰਤੀਆਂ ਲਈ ਮੁਫ਼ਤ ਸੇਵਾਵਾਂ

ਦਲਵੀਰ ਸਿੰਘ ਕੈਂਥ

ਰੋਮ: ਇਟਲੀ 'ਚ ਰਹਿ ਰਹੇ ਭਾਰਤੀ ਭਾਈਚਾਰੇ ਲਈ ਖ਼ੁਸ਼ੀ ਦੀ ਇੱਕ ਖ਼ਬਰ ਹੈ। ਇੱਕ ਪੰਜਾਬੀ ਨੌਜਵਾਨ ਡਾਕਟਰ ਨੇ ਪਰਦੇਸ 'ਚ ਆਪਣਿਆਂ ਦੀ ਮਦਦ ਲਈ ਹੱਥ ਵਧਾਇਆ ਹੈ। ਇਟਲੀ ਦੇ ਰੋਮ 'ਚ ਰਹਿ ਰਹੇ 30 ਸਾਲਾ ਡਾਕਟਰ ਕਰਨ ਕੁਮਾਰ ਨੇ ਐਲਾਨ ਕੀਤਾ ਹੈ ਕਿ ਉਹ ਉਨ੍ਹਾਂ ਭਾਰਤੀਆਂ ਨੂੰ ਮੁਫ਼ਤ ਮੈਡੀਕਲ ਸਲਾਹ ਅਤੇ ਸੇਵਾਵਾਂ ਪ੍ਰਦਾਨ ਕਰੇਗਾ ਜੋ ਬੀਮਾਰੀਆਂ, ਖ਼ਾਸ ਕਰ ਕੇ ਫ਼ੇਫ਼ੜਿਆਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।

ਡਾਕਟਰ ਕਰਨ ਕੁਮਾਰ, ਜੋ ਕਿ ਪੰਜਾਬ ਦੇ ਖੰਨਾ (ਲੁਧਿਆਣਾ) ਦੇ ਰਹਿਣ ਵਾਲੇ ਰਾਕੇਸ਼ ਕੁਮਾਰ ਅਤੇ ਨਿਰਮਲਾ ਕੁਮਾਰੀ ਦੇ ਸਪੁੱਤਰ ਹਨ, ਨੇ ਆਪਣੀ **MBBS** ਦੀ ਪੜ੍ਹਾਈ ਇੰਗਲੈਂਡ ਤੋਂ ਪੂਰੀ ਕੀਤੀ ਹੈ। ਇਸ ਸਮੇਂ ਉਹ ਰੋਮ ਦੀ ਤੋਰ ਵਿਰਗਾਤਾ ਯੂਨੀਵਰਸਿਟੀ ਤੋਂ **MS** ਦੀ ਡਿਗਰੀ ਦੇ ਆਖ਼ਰੀ ਸਾਲ 'ਚ ਹਨ। ਉਹ ਲਾਸੀਓ ਸੂਬੇ ਦੇ ਪਹਿਲੇ ਅਜਿਹੇ ਭਾਰਤੀ ਡਾਕਟਰ ਹਨ ਜੋ ਫ਼ੇਫ਼ੜਿਆਂ ਦੇ ਮਾਹਿਰ ਸਰਜਨ ਬਣਨ ਦੀ ਪੰਜ ਸਾਲਾ ਡਿਗਰੀ ਪੂਰੀ ਕਰ ਰਹੇ ਹਨ।

ਰੋਮ ਦੇ ਹਸਪਤਾਲ 'ਚ ਪ੍ਰੈਕਟਿਸ ਦੌਰਾਨ ਡਾਕਟਰ ਕਰਨ ਨੇ ਮਹਿਸੂਸ ਕੀਤਾ ਕਿ ਇਟਾਲੀਅਨ ਭਾਸ਼ਾ ਦਾ ਸਹੀ ਗਿਆਨ ਨਾ ਹੋਣ ਕਾਰਨ ਭਾਰਤੀ ਲੋਕਾਂ ਨੂੰ ਇਲਾਜ ਕਰਵਾਉਣ 'ਚ ਕਾਫ਼ੀ ਮੁਸ਼ਕਿਲਾਂ ਆਉਂਦੀਆਂ ਹਨ। ਕਈ ਵਾਰ ਹਸਪਤਾਲ 'ਚ ਸਮੇਂ ਦੀ ਘਾਟ ਕਾਰਨ ਉਹ ਸਾਰੇ ਮਰੀਜ਼ਾਂ ਨਾਲ ਵਿਸਥਾਰ 'ਚ ਗੱਲ ਨਹੀਂ ਕਰ ਪਾਉਂਦੇ ਸਨ ਜਿਸ ਦਾ ਉਨ੍ਹਾਂ ਨੂੰ ਬਹੁਤ ਅਫ਼ਸੋਸ ਹੁੰਦਾ ਸੀ। ਇਸੇ ਮੁਸ਼ਕਿਲ ਨੂੰ ਹੱਲ ਕਰਨ ਲਈ ਉਨ੍ਹਾਂ ਨੇ ਮੁਫ਼ਤ ਸੇਵਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।

ਡਾਕਟਰ ਕਰਨ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਇਟਲੀ 'ਚ ਰਹਿੰਦੇ ਭਾਰਤੀ ਲੋਕ ਹਸਪਤਾਲ ਜਾਣ ਤੋਂ ਪਹਿਲਾਂ ਉਨ੍ਹਾਂ ਨਾਲ ਉਨ੍ਹਾਂ ਦੇ ਇੰਸਟਾਗ੍ਰਾਮ 'ਤੇ ਸੰਪਰਕ ਕਰ ਕੇ ਬੀਮਾਰੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਅਤੇ ਸਲਾਹ ਲੈ ਸਕਦੇ ਹਨ। ਇਹ ਸੇਵਾ ਬਿਲਕੁਲ ਮੁਫ਼ਤ ਹੋਵੇਗੀ। ਡਾਕਟਰ ਕਰਨ ਕੁਮਾਰ ਜਲਦ ਹੀ ਆਪਣੀ ਮਾਸਟਰ ਸਰਜਨ ਦੀ ਡਿਗਰੀ ਪੂਰੀ ਕਰ ਕੇ ਪੂਰੀ ਤਰ੍ਹਾਂ ਭਾਰਤੀ ਭਾਈਚਾਰੇ ਦੀ ਸੇਵਾ 'ਚ ਹਾਜ਼ਰ ਹੋਣਗੇ।

ਕਰਜੇ ਤੋਂ ਪਰੇਸ਼ਾਨ ? ਮਦਦ ਕਰ ਸਕਦੇ ਹਾਂ 905-783-1922
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਮਰਦਾਨਾ ਕਮਜ਼ੋਰੀ 416-992-5489